# ਅਪਾਰਟਮੈਂਟ, ਕੰਡੋ ਅਤੇ ਟਾਊਨਹਾਊਸ

# ਰੀਸਾਇਕਲਿੰਗ ਗਾਈਡ




ਇਹ ਗਾਈਡ ਖਾਸ ਤੌਰ ’ਤੇ ਉਨ੍ਹਾਂ ਬਿਲਡਿੰਗਾਂ ਵਿਚਲੇ ਵਸਨੀਕਾਂ ਲਈ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੂੰ ਸਿਟੀ ਔਫ ਬਰਨਬੀ ਤੋਂ ਗਾਰਬੇਜ, ਹਰੇ ਢੋਲ ਅਤੇ ਰੀਸਾਇਕਲਿੰਗ ਦੀਆਂ ਸੇਵਾਵਾਂ ਮਿਲਦੀਆਂ ਹਨ। ਇਸ ਵਿਚ ਬਰਨਬੀ ਦੇ ਸਾਰੇ ਵਸਨੀਕਾਂ ਲਈ ਗਾਈਡਲਾਈਨਾਂ ਹਨ, ਪਰ ਚੁਕਾਈ ਬਾਰੇ ਜਾਣਕਾਰੀ ਸਿਰਫ ਉਨ੍ਹਾਂ ਲਈ ਹੀ ਢੁਕਵੀਂ ਹੈ ਜਿਹੜੇ ਸਿਟੀ ਦੀਆਂ ਸੇਵਾਵਾਂ ਵਾਲੀਆਂ ਬਿਲਡਿੰਗਾਂ ਵਿਚ ਰਹਿੰਦੇ ਹਨ।

City of Burnaby



**This brochure is available online.**

重要通告：小冊子可在網上取得。

**ਜ਼ਰੂਰੀ ਸੂਚਨਾ: ਕਿਤਾਬਚਾ ਇੰਟਰਨੈੱਟ ’ਤੇ ਮੌਜੂਦ ਹੈ।**

**중요 공지: 책자는 온라인으로 구할 수 있습니다.**

Avviso importante: la brochure è disponibile online.

Informations importantes: La Brochure est disponible en ligne.

**burnaby.ca/garbageandrecycling**

# ਇਸ ਨੂੰ ਸਹੀ ਤਰੀਕੇ ਨਾਲ ਰੀਸਾਇਕਲ ਕਰੋ !

ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਸਹੀ ਤਰੀਕੇ ਨਾਲ ਰੀਸਾਇਕਲ ਕਰ ਰਹੇ ਹੋ ਅਤੇ ਆਪਣੀ ਬਿਲਡਿੰਗ ਦੇ ਹਰੇ ਢੋਲ, ਰੀਸਾਇਕਲਿੰਗ ਅਤੇ ਗਾਰਬੇਜ ਵਿਚ ਸਹੀ ਸਾਮੱਗਰੀ ਪਾ ਰਹੇ ਹੋ। ਬਰਨਬੀ ਸਿਟੀ ਚੁਕਾਈ ਦੌਰਾਨ ਗੰਦਗੀ ਨੂੰ ਨੇਮ ਨਾਲ ਚੈੱਕ ਕਰਦੀ ਹੈ। ਆਪਣੀ ਬਿਲਡਿੰਗ ਦੇ ਹਰੇ ਢੋਲ, ਰੀਸਾਇਕਲਿੰਗ ਜਾਂ ਗਾਰਬੇਜ ਵਾਲੇ ਢੋਲਾਂ ਵਿਚ ਨਾ ਪ੍ਰਵਾਨ ਕਰਨਯੋਗ ਸਾਮੱਗਰੀ ਪਾਉਣ ਦਾ ਨਤੀਜਾ ਤੁਹਾਡੀ ਬਿਲਡਿੰਗ ਦੀ ਸਾਮੱਗਰੀ ਨਾ ਚੁੱਕੇ ਜਾਣ ਵਿਚ ਅਤੇ/ਜਾਂ ਗੰਦਗੀ ਲਈ ਜੁਰਮਾਨੇ ਹੋਣ ਵਿਚ ਨਿਕਲ ਸਕਦਾ ਹੈ।

## ਆਪਣੀ ਰਹਿੰਦ-ਖੂੰਹਦ ਇਨ੍ਹਾਂ ਤਰਤੀਬਾਂ ਮੁਤਾਬਕ ਅਲੱਗ ਕਰੋ



### ਗਾਰਬੇਜ

ਉਹ ਰਹਿੰਦ-ਖੂੰਹਦ ਜਿਸ ਦੀ ਰੂੜੀ (ਕੰਪੋਸਟ) ਨਹੀਂ ਬਣਾਈ ਜਾ ਸਕਦੀ ਜਾਂ ਜਿਸ ਨੂੰ ਰੀਸਾਇਕਲ ਨਹੀਂ ਕੀਤਾ ਜਾ ਸਕਦਾ।



### ਸਿਰਫ ਗੱਤਾ

ਚਪਟਾ ਕੀਤਾ ਹੋਇਆ



### ਹਰਾ ਢੋਲ

ਖਾਣਿਆਂ ਦੀ ਰਹਿੰਦ-ਖੂੰਹਦ, ਖਾਣਿਆਂ ਨਾਲ ਲਿਬੜੇ ਪੇਪਰ ਅਤੇ ਬਗੀਚੇ ਦੀ ਕਾਂਟ-ਛਾਂਟ।



### ਛੱਡਣਾ

ਬਰਨਬੀ ਦੇ ਈਕੋ-ਸੈਂਟਰ ਵਿਚ ਜਾਂ ਸੂਬੇ ਦੇ ਟੇਕ-ਬੈਕ ਪ੍ਰੋਗਰਾਮ ਰਾਹੀਂ ਸਾਮੱਗਰੀ ਪ੍ਰਵਾਨ ਕੀਤੀ ਜਾਂਦੀ ਹੈ।



### ਰੀਸਾਇਕਲਿੰਗ

ਡੱਬੇ, ਅਖਬਾਰ, ਕੱਚ ਅਤੇ ਪੇਪਰ ਦੀਆਂ ਵਸਤਾਂ।

**ਇਸ ਬਾਰੇ ਜ਼ਿਆਦਾ ਜਾਣਨ ਲਈ ਕਿ ਕਿਹੜੀਆਂ ਚੀਜ਼ਾਂ ਰੀਸਾਇਕਲ ਕਰਨ ਯੋਗ ਹਨ ਅਤੇ ਆਪਣੇ ਨੇੜੇ ਦੇ ਡਰੌਪ ਔਫ ਡੀਪੂ ਦਾ ਪਤਾ ਲਾਉਣ ਲਈ ਬਰਨਬੀ ਦਾ ਕੋਲੈਕਸ਼ਨ ਐਪ ਡਾਊਨਲੋਡ ਕਰੋ।**

**burnaby.ca/collectionapp**





ਨੋਟ:
ਪਲਾਸਟਿਕ ਦੇ ਗਲਣਯੋਗ/
ਬਾਇਓਡੀਗਰੇਡੇਬਲ ਬੈਗ
ਪ੍ਰਵਾਨ ਨਹੀਂ ਕੀਤੇ ਜਾਂਦੇ।

# ਹਰਾ ਢੋਲ

## ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਬਗੀਚੇ ਦੀ ਸਾਮੱਗਰੀ

## ਖਾਣਿਆਂ ਦੀ ਰਹਿੰਦ-ਖੂੰਹਦ ਗਾਰਬੇਜ ਨਹੀਂ ਹੈ

ਘਰ ਦਾ ਤਕਰੀਬਨ 40 ਪ੍ਰਤੀਸ਼ਤ ਗਾਰਬੇਜ, ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿਬੜੇ ਪੇਪਰ ਹੁੰਦੇ ਹਨ। ਆਪਣੇ ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿਬੜੇ ਪੇਪਰ ਨੂੰ ਆਪਣੇ ਬਗੀਚੇ (ਯਾਰਡ) ਦੀ ਸਾਮੱਗਰੀ ਨਾਲ ਰੂੜੀ ਬਣਨ ਲਈ ਆਪਣੇ ਹਰੇ ਢੋਲ ਵਿਚ ਪਾ ਕੇ ਗਾਰਬੇਜ ਘਟਾਉਣ ਵਿਚ ਮਦਦ ਕਰੋ।

## ਹਰੇ ਢੋਲ ਲਈ ਸੁਝਾਅ

» ਮੁਸ਼ਕ ਅਤੇ ਜਾਨਵਰਾਂ ਲਈ ਆਕਰਸ਼ਕ ਬਣਨ ਤੋਂ ਰੋਕਥਾਮ ਕਰਨ ਲਈ ਆਪਣੇ ਹਰੇ ਢੋਲ ਨੂੰ ਸਾਫ ਰੱਖੋ।

» ਹਰੇ ਢੋਲ ਵਿਚ ਪਾਉਣ ਤੋਂ ਪਹਿਲਾਂ, ਅਖਬਾਰ, ਗੱਤੇ ਜਾਂ ਪੇਪਰ ਬੈਗਾਂ ਦੀ ਵਰਤੋਂ ਕਰਦੇ ਹੋਏ ਆਪਣੀ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਲਪੇਟੋ।

» ਆਪਣੇ ਹਰੇ ਢੋਲ ਨੂੰ ਛਾਂ ਵਾਲੇ ਏਰੀਏ ਵਿਚ, ਸਿੱਧੀ ਧੁੱਪ ਤੋਂ ਪਰ੍ਹਾਂ ਰੱਖੋ ਜਾਂ ਸ਼ੈੱਡ/ਗਰਾਜ ਵਿਚ ਰੱਖੋ।

» ਕੀੜਿਆਂ ਤੋਂ ਰੋਕਣ ਲਈ ਢੱਕਣ ਬੰਦ ਰੱਖੋ।

» ਹਰੇ ਢੋਲ ਵਿਚ ਪਾਉਣ ਤੋਂ ਪਹਿਲਾਂ ਖਾਣਿਆਂ ਦੀਆਂ ਰਹਿੰਦ-ਖੂੰਹਦ ਨੂੰ ਫਰੀਜ਼ ਕਰੋ।

## ਆਪਣੀ ਰਹਿੰਦ-ਖੂੰਹਦ ਨੂੰ ਲਪੇਟੋ



ਹਰੇ ਢੋਲ ਬਾਰੇ ਜ਼ਿਆਦਾ ਸੁਝਾਵਾਂ ਲਈ
**burnaby.ca/foodscraps** ’ਤੇ ਜਾਉ।

# ਸਹੀ ਤਰ੍ਹਾਂ ਰੀਸਾਇਕਲ ਕਰੋ

ਹਰ ਚੀਜ਼ ਰੀਸਾਇਕਲਿੰਗ ਲਈ ਪ੍ਰਵਾਨ ਨਹੀਂ ਕੀਤੀ ਜਾਂਦੀ। ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਆਪਣੀ ਸਾਮੱਗਰੀ ਨੂੰ ਸਹੀ ਤਰ੍ਹਾਂ ਛਾਂਟਿਆ ਹੈ ਅਤੇ ਨਾ ਪ੍ਰਵਾਨਯੋਗ ਯੋਗ ਚੀਜ਼ਾਂ ਨੂੰ ਆਪਣੀ ਰੀਸਾਇਕਲਿੰਗ ਤੋਂ ਬਾਹਰ ਰੱਖੋ। ਕੋਲੈਕਸ਼ਨ ਰਾਹੀਂ ਪ੍ਰਵਾਨ ਨਾ ਕੀਤੀਆਂ ਜਾਂਦੀਆਂ ਬਹੁਤ ਸਾਰੀਆਂ ਚੀਜ਼ਾਂ ਬਰਨਬੀ ਦੇ ਈਕੋ-ਸੈਂਟਰ ਵਿਚ ਲਈਆਂ ਜਾਂਦੀਆਂ ਹਨ।

ਸਿਰਫ ਗੱਤਾ
ਗਾਰਬੇਜ ਨਹੀਂ




## ਸਵਾਲ?

- 604-294-7972
- solidwasteandrecycling@burnaby.ca
- burnaby.ca/garbageandrecycling
- burnaby.ca/collectionapp

ਇਹ ਚੀਜ਼ਾਂ ਈਕੋ-ਸੈਂਟਰ ਵਿਚ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

## ਪੀਲਾ ਢੋਲ (ਰਲਵੇਂ-ਮਿਲਵੇਂ ਪੇਪਰ)




### ਪ੍ਰਵਾਨ ਕੀਤਾ ਜਾਂਦਾ ਹੈ





- ਛਪਿਆ ਪੇਪਰ
- ਮੈਗਜ਼ੀਨ ਅਤੇ ਕੈਟਾਲੌਗ
- ਅਖਬਾਰ ਅਤੇ ਫਲਾਇਰ
- ਫੋਹਿਆ ਹੋਇਆ ਗੱਤਾ
- ਕਈ ਪਰਤਾਂ ਵਾਲੇ ਪੇਪਰ ਦੇ ਬੈਗ
- ਗੱਤੇ ਦੇ ਬੌਕਸ
- ਗਿਫਟ ਰੈਪ ਅਤੇ ਗਰੀਟਿੰਗ ਕਾਰਡ (ਸਿਰਫ ਪੇਪਰ ਦੇ)
- ਟੈਲੀਫੋਨ ਬੁੱਕਾਂ
- ਪੇਪਰ ਲਪੇਟਣ ਵਾਲੀਆਂ ਗੁੱਲੀਆਂ
- ਗੱਤੇ ਦੀਆਂ ਟਰੇਆਂ

ਇਹ ਕਰਨਾ ਯਾਦ ਰੱਖੋ




### ਪ੍ਰਵਾਨ ਨਹੀਂ ਕੀਤਾ ਜਾਂਦਾ ਹੈ



- ਨੌਨ-ਫੂਡ ਹਿਫਾਜ਼ਤ ਲਈ ਪੈਕਿੰਗ
- ਪੀਜ਼ੇ ਦੇ ਗੰਦੇ ਬੌਕਸ
- ਫੋਟੋਆਂ
- ਗੰਢਾਂ ਵਾਲੇ ਰਿਬਨ


# ਨੀਲਾ ਢੋਲ (ਰਲਵੇਂ ਡੱਬੇ)



## ਪ੍ਰਵਾਨ ਕੀਤਾ ਜਾਂਦਾ ਹੈ




- ਸਖਤ ਪਲਾਸਟਿਕ ਦੀ ਪੈਕਿੰਗ
- ਸਟੀਲ ਅਤੇ ਅਲੂਮਿਨੀਅਮ ਦੀ ਪੈਕਿੰਗ, ਪੱਤਰੇ
- ਵਾਪਸ ਕਰਨ ਯੋਗ ਚੀਜ਼ਾਂ
- ਫਰੋਜ਼ਨ ਡਿਜ਼ਰਟ ਦੇ ਡੱਬੇ
- ਐਰੋਸੋਲ ਦੇ ਖਾਲੀ ਕੈਨ (ਪੇਂਟ ਅਤੇ ਬੂਟੇਨ ਤੋਂ ਇਲਾਵਾ)



- ਤਿਕੋਣੇ ਸਿਰਿਆਂ ਵਾਲੇ ਡੱਬੇ ਅਤੇ ਟੈਟਰਾ ਪੈਕ ਗੱਤੇ ਦੇ ਡੱਬੇ
- ਪੀਣ ਵਾਲੀਆਂ ਗਰਮ ਅਤੇ ਠੰਢੀਆਂ ਚੀਜ਼ਾਂ ਦੇ ਕੱਪ
- ਪੇਪਰ ਦੇ ਚੱਕਰਦਾਰ ਕੈਨ
- ਬੂਟਿਆਂ ਲਈ ਪਲਾਸਟਿਕ ਦੇ ਗਮਲੇ ਅਤੇ ਟਰੇਆਂ
- ਡੱਬਿਆਂ ਦੇ ਢੱਕਣ

**ਇਹ ਕਰਨਾ ਯਾਦ ਰੱਖੋ**



- ਡੱਬਿਆਂ ਨੂੰ ਧੋਵੋ
- ਢੱਕਣ ਲਾਹੋ
- ਸਾਮੱਗਰੀ ਨੂੰ ਚਪਟਾ ਕਰੋ

## ਪ੍ਰਵਾਨ ਨਹੀਂ ਕੀਤਾ ਜਾਂਦਾ ਹੈ




- ਵੱਟਾਂ ਵਾਲੇ ਰੈਪਰ ਅਤੇ ਬੈਗ
- ਪ੍ਰੋਪੇਨ ਦੇ ਛੋਟੇ ਟੈਂਕ
- ਟੁੱਟੇ ਭਾਂਡੇ ਅਤੇ ਗਲਾਸ
- ਰਲਵੀਂਆਂ ਮਿਲਵੀਂਆਂ ਪਲਾਸਟਿਕਾਂ
- ਪਲਾਸਟਿਕ ਫੋਮ ਦੀ ਪੈਕਿੰਗ ਅਤੇ ਪਲਾਸਟਿਕ ਦੇ ਬੈਗ

# ਗ੍ਰੇਅ ਢੋਲ (ਕੱਚ ਦੀਆਂ ਬੋਤਲਾਂ)



## ਪ੍ਰਵਾਨ ਕੀਤਾ ਜਾਂਦਾ ਹੈ



- ਕੱਚ ਦੇ ਜਾਰ
- ਕੱਚ ਦੀਆਂ ਬੋਤਲਾਂ

**ਇਹ ਕਰਨਾ ਯਾਦ ਰੱਖੋ**




- ਢੱਕਣ ਲਾਹੋ



- ਬੋਤਲਾਂ ਨੂੰ ਧੋਵੋ

## ਪ੍ਰਵਾਨ ਨਹੀਂ ਕੀਤਾ ਜਾਂਦਾ ਹੈ




- ਪੀਣ ਵਾਲੇ ਗਲਾਸ
- ਕੱਚ ਦੇ ਸ਼ੀਸ਼ੇ
- ਟੁੱਟੇ ਭਾਂਡੇ
- ਖਿੜਕੀ ਦਾ ਗਲਾਸ

# ਰਿਹਾਇਸ਼ੀ ਗਾਰਬੇਜ ਦੀ ਚੁਕਾਈ


## ਇਹ ਚੀਜ਼ਾਂ ਗਾਰਬੇਜ ਵਿਚ ਪਾਉਣ ਦੀ ਮਨਾਹੀ ਹੈ।


ਕਿਸੇ ਵੀ ਤਰ੍ਹਾਂ ਦੇ ਤਰਲ



ਬੈਟਰੀਆਂ



ਬਿਲਡਿੰਗ ਅਤੇ ਢਹਾਈ ਦੀ ਸਾਮੱਗਰੀ


ਦਵਾਈਆਂ ਅਤੇ ਸਰਿੰਜਾਂ



ਛੋਟੇ ਅਪਲਾਇੰਸ ਅਤੇ ਪੌਵਰ ਟੂਲਜ਼



ਰੀਸਾਇਕਲ ਹੋਣ ਯੋਗ ਡੱਬੇ ਅਤੇ ਬੋਤਲਾਂ


ਕੀੜੇਮਾਰ ਦਵਾਈਆਂ



ਕਾਰਪੈਟ


ਟਾਇਰ ਅਤੇ ਕਾਰਾਂ ਦੇ ਪਾਰਟਸ



ਮਿੱਟੀ, ਪੱਥਰ ਜਾਂ ਰੇਤਾ



ਲਾਈਟ ਬਲਬ ਅਤੇ ਲਾਈਟਾਂ


ਗੱਡੀਆਂ ਦਾ ਤੇਲ


ਖਾਣਿਆਂ ਦੀ ਰਹਿੰਦ-ਖੂੰਹਦ



ਖਤਰਨਾਕ ਕੈਮੀਕਲ



ਬਗੀਚੇ ਦੀ ਕਾਂਟ-ਛਾਂਟ



ਦਰਖਤਾਂ ਦੇ ਮੁਢ



ਇਲੈਕਟਰੌਨਿਕਸ ਅਤੇ ਈ-ਖਿਡੌਣੇ



ਵਿਸਫੋਟਕ ਪਦਾਰਥ ਜਾਂ ਅਸਲਾ


ਅੱਗ ਲੱਗਣ ਯੋਗ ਤਰਲ


ਪੇਂਟ


ਪ੍ਰੋਪੇਨ ਟੈਂਕ (ਦੁਬਾਰਾ ਭਰਨਯੋਗ ਅਤੇ ਨਾ ਭਰਨਯੋਗ)


ਪੇਪਰ ਅਤੇ ਗੱਤਾ


ਜਾਨਵਰਾਂ ਦੀ ਟੱਟੀ ਜਾਂ ਪਿੰਜਰ


ਡਰਾਈਵਾਲ, ਲੱਕੜੀ ਦਾ ਬੂਰਾ

ਇਹ ਚੀਜ਼ਾਂ ਈਕੋ-ਸੈਂਟਰ ਵਿਚ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਗਾਰਬੇਜ ਲਈ ਚੇਤੇ ਰੱਖਣ ਵਾਲੀਆਂ ਗੱਲਾਂ**

**ਸਾਰਾ ਗਾਰਬੇਜ ਬੈਗਾਂ ਵਿਚ ਪਾਉ**




**ਜ਼ਿਆਦਾ ਜਾਣਕਾਰੀ** **burnaby.ca/bannedmaterials**

# ਵੱਡੀ ਚੀਜ਼ ਅਤੇ ਅਪਲਾਇੰਸ ਦੀ ਚੁਕਾਈ

ਕੀ ਤੁਹਾਡੇ ਕੋਲ ਕੋਈ ਪੁਰਾਣਾ ਸੋਫਾ, ਮੈਟਰੈਸ ਜਾਂ ਕੋਈ ਵੱਡਾ ਅਪਲਾਇੰਸ ਹੈ ਜਿਹੜਾ ਤੁਸੀਂ ਹੁਣ ਨਹੀਂ ਚਾਹੁੰਦੇ? **ਇਸ ਨੂੰ ਬਾਹਰ ਰੱਖਣ ਤੋਂ ਪਹਿਲਾਂ ਸਾਨੂੰ 604-294-7972 'ਤੇ ਫੋਨ ਕਰੋ ਅਤੇ ਅਸੀਂ ਇਸ ਨੂੰ ਚੁੱਕੇ ਜਾਣ ਦਾ ਪ੍ਰਬੰਧ ਕਰ ਸਕਦੇ ਹਾਂ।***

## ਕਿਰਪਾ ਕਰਕੇ ਨੋਟ ਕਰੋ

» ਸਾਰੇ ਮੈਟਰੈਸ ਪਲਾਸਟਿਕ ਵਿਚ ਲਪੇਟਣਾ ਅਤੇ ਸੀਲ ਕਰਨਾ ਜ਼ਰੂਰੀ ਹੈ (ਮੈਟਰੈਸ ਬੈਗ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ)।


» ਹਰ ਮੈਟਰੈਸ ਵੱਖਰਾ ਲਪੇਟਣਾ ਜ਼ਰੂਰੀ ਹੈ (ਮੈਟਰੈਸ ਨੂੰ ਬੌਕਸਪਰਿੰਗਾਂ ਦੇ ਨਾਲ ਨਾ ਲਪੇਟੋ)।

» ਮੈਟਰੈਸ ਬੈਗ ਸਥਾਨਕ ਸਟੋਰਾਂ ਤੋਂ ਮਿਲਦੇ ਹਨ।

» ਕੱਚ ਜਾਂ ਸ਼ੀਸ਼ੇ ਵਾਲੀਆਂ ਕੋਈ ਚੀਜ਼ਾਂ ਨਹੀਂ।

» ਮਿਕਦਾਰ ਦੀਆਂ ਸੀਮਾਵਾਂ ਲਾਗੂ ਹੋ ਸਕਦੀਆਂ ਹਨ।

» ਆਪਣੇ ਨਵੇਂ ਮੈਟਰੈਸ ਦੀ ਪਲਾਸਟਿਕ ਰੈਪ ਦੀ ਦੁਬਾਰਾ ਵਰਤੋਂ ਆਪਣੇ ਪੁਰਾਣੇ ਮੈਟਰੈਸ ਨੂੰ ਨਮੀ ਤੋਂ ਬਚਾਉਣ ਲਈ ਕਰੋ। ਇਹ ਤੁਹਾਡਾ ਸਮਾਂ, ਪੈਸੇ ਬਚਾਏਗਾ ਅਤੇ ਵਾਤਾਵਰਣ ਦੀ ਮਦਦ ਕਰੇਗਾ।



* ਕਿਰਪਾ ਕਰਕੇ ਨੋਟ ਕਰੋ ਕਿ ਭਾਰੀ ਚੀਜ਼ਾਂ ਦੀ ਚੁਕਾਈ ਸਿਰਫ ਉਨ੍ਹਾਂ ਬਿਲਡਿੰਗਾਂ ਵਿਚਲੇ ਵਸਨੀਕਾਂ ਲਈ ਹੀ ਉਪਲਬਧ ਹੈ ਜਿਨ੍ਹਾਂ ਨੂੰ ਸਿਟੀ ਔਫ ਬਰਨਬੀ ਵਲੋਂ ਸਰਵਿਸ ਮਿਲਦੀ ਹੈ।

ਜ਼ਿਆਦਾ ਜਾਣਕਾਰੀ **burnaby.ca/bulkyitem**



# ਈਕੋ-ਸੈਂਟਰ ਆਉ। ਅਸੀਂ ਖੁੱਲ੍ਹੇ ਹਾਂ !




**ਵਾਧੂ ਰੀਸਾਇਕਲ ਕਰਨ ਯੋਗ ਚੀਜ਼ਾਂ, ਬਗੀਚੇ ਦੀ ਕਾਂਟ-ਛਾਂਟ ਅਤੇ ਹੋਰ ਕਈ ਕੁਝ ਛੱਡਣ ਲਈ ਬਰਨਬੀ ਦਾ ਈਕੋ-ਸੈਂਟਰ ਵਸਨੀਕਾਂ ਲਈ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਹੈ (ਸਮੇਤ ਬਹੁਤੀਆਂ ਸਰਕਾਰੀ ਛੁੱਟੀਆਂ ਦੇ) !**

## ਹਰੀ ਰਹਿੰਦ-ਖੂੰਹਦ ਨੂੰ ਛੱਡਣਾ


### ਪ੍ਰਵਾਨ ਕੀਤਾ ਜਾਂਦਾ ਹੈ




ਘਾਹ ਦੀ ਕਟਾਈ ਅਤੇ ਪੱਤੇ



ਛੋਟੀਆਂ ਟਾਹਣੀਆਂ (4” ਵਿਆਸ ਤੱਕ)




ਬੂਟੇ ਅਤੇ ਫੁੱਲ




ਸਾਫ ਲੱਕੜੀ (ਕਨਸਟਰੱਕਸ਼ਨ ਦੀ ਰਹਿੰਦ-ਖੂੰਹਦ, ਪਲਾਈਵੁੱਡ ਜਾਂ ਗਲੂ ਲੈਮੀਨੇਟਸ ਨਹੀਂ)


### ਪ੍ਰਵਾਨ ਨਹੀਂ ਕੀਤਾ ਜਾਂਦਾ ਹੈ




ਖਾਣਿਆਂ ਦੀ ਰਹਿੰਦ-ਖੂੰਹਦ



ਜਾਨਵਰਾਂ ਦੀ ਟੱਟੀ ਜਾਂ ਪਿੰਜਰ




ਟ੍ਰੀਟਿਡ ਵੁੱਡ



ਮਿੱਟੀ, ਪੱਥਰ ਜਾਂ ਰੇਤਾ



ਦਰਖਤਾਂ ਦੇ ਮੁੱਢ/ ਟਾਹਣੀਆਂ 4” ਵਿਆਸ ਨਾਲੋਂ ਵੱਡੇ



ਪਲਾਈਵੁੱਡ

**ਸਥਾਨ**
4855 ਸਟਿੱਲ ਕਰੀਕ ਐਵੇਨਿਊ (ਡਗਲਸ ਰੋਡ ਦੇ ਪੱਛਮੀ ਪਾਸੇ)

**ਖੁੱਲ੍ਹਣ ਦਾ ਸਮਾਂ**
ਸੋਮਵਾਰ ਤੋਂ ਐਤਵਾਰ, ਸਵੇਰ ਦੇ 8:00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 4:00 ਵਜੇ ਤੱਕ
(ਰੁੱਤ ਮੁਤਾਬਕ ਘੰਟੇ ਵਧਾਏ ਜਾ ਸਕਦੇ ਹਨ)

**ਤਾਜ਼ਾ ਘੰਟਿਆਂ ਲਈ ਔਨਲਾਈਨ ਚੈੱਕ ਕਰੋ।**
**burnaby.ca/ecocentre**

## ਹਰੀ ਰਹਿੰਦ-ਖੂੰਹਦ ਨੂੰ ਛੱਡਣ ਲਈ ਚੇਤੇ ਰੱਖਣ ਵਾਲੀਆ ਗੱਲਾਂ

» ਛੱਡਣ ਦੇ ਪੈਸੇ ਦੇਣੇ ਪੈਂਦੇ ਹਨ।


» ਸਵੇਰ ਦੇ 9 ਵਜੇ ਤੋਂ ਸਵੇਰ ਦੇ 10:30 ਵਜੇ ਵਿਚਕਾਰ ਕੋਈ ਕਮਰਸ਼ੀਅਲ ਛੁਡਾਈ ਨਹੀਂ (ਸੋਮਵਾਰ-ਸ਼ੁਕਰਵਾਰ)

» ਵਸਨੀਕ ਪ੍ਰਤੀ ਦਿਨ 100 ਕਿਲੋਗ੍ਰਾਮ ਤੱਕ ਦਾ ਇਕ (1) ਲੋਡ ਮੁਫਤ ਛੱਡ ਸਕਦੇ ਹਨ। (ਰਿਹਾਇਸ਼ ਦਾ ਸਬੂਤ ਚਾਹੀਦਾ ਹੈ।)


» ਕਿਰਪਾ ਕਰਕੇ ਰਿਹਾਇਸ਼ੀ ਆਈ ਡੀ ਤਿਆਰ ਰੱਖੋ।

# ਰੀਸਾਇਕਲ ਕਰਨ ਯੋਗ ਚੀਜ਼ਾਂ ਛੱਡਣਾ


## ਪ੍ਰਵਾਨ ਕੀਤਾ ਜਾਂਦਾ ਹੈ




- ਕੱਚ ਦੇ ਜਾਰ ਅਤੇ ਬੋਤਲਾਂ
- ਛਪਿਆ ਪੇਪਰ
- ਕਈ ਪਰਤਾਂ ਵਾਲੇ ਪੇਪਰ ਦੇ ਬੈਗ
- ਗੱਤੇ ਦੇ ਬੌਕਸ ਅਤੇ ਫੇਹਿਆ ਹੋਇਆ ਗੱਤਾ
- ਗੱਤੇ ਦੀਆਂ ਟਰੇਆਂ
- ਗਿਫਟ ਰੈਪ ਅਤੇ ਗਰੀਟਿੰਗ ਕਾਰਡ (ਸਿਰਫ ਪੇਪਰ ਦੇ)
- ਫਰੋਜ਼ਨ ਡਿਜ਼ਰਟ ਦੇ ਡੱਬੇ
- ਸਟੀਲ ਅਤੇ ਅਲੂਮਿਨੀਅਮ ਦੇ ਡੱਬੇ, ਫੋਇਲ, ਢੱਕਣ



- ਐਰੋਸੋਲ ਦੇ ਖਾਲੀ ਕੈਨ (ਬੂਟੇਨ ਨਹੀਂ)
- ਪੇਪਰ ਦੇ ਚੱਕਰਦਾਰ ਕੈਨ
- ਬੂਟਿਆਂ ਲਈ ਪਲਾਸਟਿਕ ਦੇ ਗਮਲੇ/ ਟਰੇਆਂ
- ਸਖਤ ਪਲਾਸਟਿਕ ਦੀ ਪੈਕਿੰਗ, ਢੱਕਣ
- ਪੀਣ ਵਾਲੀਆਂ ਗਰਮ ਅਤੇ ਠੰਡੀਆਂ ਚੀਜ਼ਾਂ ਦੇ ਕੱਪ
- ਤਿਕੋਣੇ ਸਿਰਿਆਂ ਵਾਲੇ ਡੱਬੇ ਅਤੇ ਟੈਟਰਾ ਪੈਕ ਗੱਤੇ ਦੇ ਡੱਬੇ
- ਵਰਤਿਆ ਹੋਇਆ ਤੇਲ, ਫਿਲਟਰ, ਡੱਬੇ
- ਐਂਟੀਫਰੀਜ਼



- ਬੈਟਰੀਆਂ
- ਪਲਾਸਟਿਕ ਦੇ ਬੈਗ ਅਤੇ ਓਵਰਰੈਪ
- ਪ੍ਰੋਪੇਨ ਟੈਂਕ (ਦੁਬਾਰਾ ਭਰਨਯੋਗ/ਨਾ ਭਰਨਯੋਗ)
- ਪੇਂਟ
- ਵੱਡਾ ਅਤੇ ਛੋਟਾ ਸਕਰੈਪ ਮੈਟਲ
- ਰਲਵੀਂਆਂ ਪਲਾਸਟਿਕਾਂ
- ਪਲਾਸਟਿਕ ਫੋਮ ਦੀ ਪੈਕਿੰਗ
- ਕੱਪੜੇ ਅਤੇ ਜੁੱਤੀਆਂ ਕਿਤਾਬਾਂ



- ਅੱਗ ਲੱਗਣ ਯੋਗ ਤਰਲ ਅਤੇ ਕੀੜੇਮਾਰ ਦਵਾਈਆਂ
- ਕੁਕਿੰਗ ਆਇਲ
- ਨੌਨ-ਫੂਡ ਹਿਫਾਜ਼ਤ ਲਈ ਪੈਕਿੰਗ (ਬਬਲ ਰੈਪ)
- ਵੱਟਾਂ ਵਾਲੇ ਰੈਪਰ ਅਤੇ ਬੈਗ
- ਖੜਵੀਂਆਂ ਅਤੇ ਜ਼ਿਪਰ ਲੌਕ ਵਾਲੀਆਂ ਥੈਲੀਆਂ
- ਪਲਾਸਟਿਕ ਦੀ ਸੀਲ ਨਾਲ ਲਚਕਦਾਰ ਪੈਕਿੰਗ
- ਜਾਲੀਦਾਰ ਅਤੇ ਜਾਲੀ ਦੇ ਪਲਾਸਟਿਕ ਬੈਗ

## ਪ੍ਰਵਾਨ ਨਹੀਂ ਕੀਤਾ ਜਾਂਦਾ ਹੈ



- ਮੈਟਰੈਸ
- ਫਰਨੀਚਰ
- ਗਾਰਬੇਜ

**ਜ਼ਿਆਦਾ ਜਾਣਕਾਰੀ** burnaby.ca/ecocentre





ਇਸ ਬਾਰੇ ਜ਼ਿਆਦਾ ਜਾਣਨ ਲਈ ਕਿ ਕਿਹੜੀਆਂ ਚੀਜ਼ਾਂ ਰੀਸਾਇਕਲ ਕਰਨ ਯੋਗ ਹਨ ਅਤੇ ਆਪਣੇ ਨੇੜੇ ਦੇ ਡਰੌਪ ਔਫ ਡੀਪੂ ਦਾ ਪਤਾ ਲਾਉਣ ਲਈ ਬਰਨਬੀ ਦਾ ਕੋਲੈਕਸ਼ਨ ਐਪ ਡਾਊਨਲੋਡ ਕਰੋ।

ਯਾਦ


**burnaby.ca/collectionapp**


# ਵਾਪਸ ਲੈਣ ਦੇ ਪ੍ਰੋਗਰਾਮ

ਇਹ ਚੀਜ਼ਾਂ ਸ਼ਹਿਰ ਦੇ ਰੀਸਾਇਕਲਿੰਗ ਪ੍ਰੋਗਰਾਮ ਵਿਚ ਜਾਂ ਸਾਡੇ ਈਕੋ-ਸੈਂਟਰ ਵਿਚ ਪ੍ਰਵਾਨ **ਨਹੀਂ** ਕੀਤੀਆਂ ਜਾਂਦੀਆਂ, ਪਰ ਤੁਸੀਂ ਅਜੇ ਵੀ ਉਨ੍ਹਾਂ ਨੂੰ ਸੂਬੇ ਦੇ ਟੇਕ-ਬੈਕ ਪ੍ਰੋਗਰਾਮ ਰਾਹੀਂ ਰੀਸਾਇਕਲ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਗਾਰਬੇਜ ਤੋਂ ਬਾਹਰ ਰੱਖ ਸਕਦੇ ਹੋ।


ਲਾਈਟ ਬਲਬ



ਇਲੈਕਟਰੌਨਿਕਸ ਈ-ਖਿਡੌਣੇ


ਛੋਟੇ ਅਪਲਾਇੰਸ





ਥਰਮੋਸਟੈਟਸ ਧੂੰਏਂ ਵਾਲੇ ਅਲਾਰਮ


ਲਾਈਟਾਂ ਅਤੇ ਲਾਈਟਾਂ ਦੀਆਂ ਤਾਰਾਂ


ਟਾਇਰ


ਦਵਾਈਆਂ ਅਤੇ ਸਰਿੰਜਾਂ


ਬਾਹਰ ਵਰਤੋਂ ਵਾਲੇ ਪੌਵਰ ਟੂਲਜ਼


ਪੌਵਰ ਟੂਲਜ਼


ਕਸਰਤ ਕਰਨ ਵਾਲੀਆਂ ਮਸ਼ੀਨਾਂ

## ਛੱਡਣ ਲਈ ਸਥਾਨ ਲੱਭੋ

- **604-RECYCLE (604-732-9253)**
- **BCRecycles.ca**
- **metrovancouverrecycles.org**

**ਜ਼ਿਆਦਾ ਜਾਣਕਾਰੀ** **burnaby.ca/takeback**


# ਹੋਰ ਚੀਜ਼ਾਂ ਸੁੱਟਣਾ

ਵਾਧੂ ਗਾਰਬੇਜ ਲਈ ਜਿਹੜਾ ਗਾਰਬੇਜ ਦੇ ਤੁਹਾਡੇ ਆਮ ਢੋਲ ਵਿਚ ਫਿੱਟ ਨਾ ਹੁੰਦਾ ਹੋਵੇ, ਜਾਂ ਜੇ ਤੁਹਾਡੇ ਕੋਲ ਅਜਿਹੀ ਸਾਮੱਗਰੀ ਹੋਵੇ ਜਿਹੜੀ ਅਸੀਂ ਪ੍ਰਵਾਨ ਨਹੀਂ ਕਰਦੇ, ਜਿਵੇਂ ਕਿ ਬਿਲਡਿੰਗ ਜਾਂ ਰੈਨੋਵੇਸ਼ਨ ਦੀ ਸਾਮੱਗਰੀ, ਕਿਰਪਾ ਕਰਕੇ ਇਨ੍ਹਾਂ ਚੀਜ਼ਾਂ ਨੂੰ ਰੀਜਨਲ ਡਿਸਪੋਜ਼ਲ ਫੈਸਿਲਟੀ ਵਿਚ ਲੈ ਕੇ ਜਾਓ।

**ਜ਼ਿਆਦਾ ਜਾਣਕਾਰੀ, ਅਤੇ ਪ੍ਰਵਾਨ ਕੀਤੀ ਜਾਣ ਵਾਲੀ ਸਾਮੱਗਰੀ ਬਾਰੇ ਜਾਣਕਾਰੀ ਲਈ**

**metrovancouver.org**
**604-432-6200**
**icentre@metrovancouver.org**

## ਰੀਜ਼ਨਲ ਡਿਸਪੋਜ਼ਲ ਫੈਸਿਲਟੀ ਦੇ ਸਥਾਨ





### ਕੋਕਿਉਟਲਮ ਟ੍ਰਾਂਸਫਰ ਸਟੇਸ਼ਨ

1200 ਯੂਨਾਈਟਡ ਬੁਲੇਵਾਰਡ

**ਖੁੱਲ੍ਹਣ ਦਾ ਸਮਾਂ***
ਕੰਮ ਕਾਰ ਵਾਲੇ ਦਿਨ: ਸਵੇਰ ਦੇ 5:30 ਵਜੇ ਤੋਂ ਸ਼ਾਮ ਦੇ 6 ਵਜੇ ਤੱਕ
(ਰੀਸਾਇਕਲਿੰਗ ਡਰੌਪ-ਔਫ ਸਵੇਰ ਦੇ 8 ਵਜੇ ਖੁੱਲ੍ਹਦਾ ਹੈ)
ਛਨਿਚਰਵਾਰ: (1 ਅਕਤੂਬਰ – 31 ਮਾਰਚ): ਸਵੇਰ ਦੇ 8 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
ਛਨਿਚਰਵਾਰ: (1 ਅਪਰੈਲ – 30 ਸਤੰਬਰ): ਸਵੇਰ ਦੇ 8 ਵਜੇ ਤੋਂ ਸ਼ਾਮ ਦੇ 6 ਵਜੇ ਤੱਕ
ਐਤਵਾਰ ਅਤੇ ਕਾਨੂੰਨੀ ਛੁੱਟੀਆਂ ਵਾਲੇ ਦਿਨ: ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
(25 ਦਸੰਬਰ ਅਤੇ 1 ਜਨਵਰੀ ਨੂੰ ਬੰਦ)




### ਨੌਰਥ ਸ਼ੋਅਰ ਟ੍ਰਾਂਸਫਰ ਸਟੇਸ਼ਨ

30 ਰਿਵਰਸਾਈਡ ਡਰਾਈਵ ਵੈੱਸਟ (ਡੌਲਰਟਨ ਹਾਈਵੇਅ ਦੇ ਦੱਖਣ ਵੱਲ)

**ਖੁੱਲ੍ਹਣ ਦਾ ਸਮਾਂ***

**1 ਅਕਤੂਬਰ ਤੋਂ 31 ਮਾਰਚ**
ਕੰਮ ਕਾਰ ਵਾਲੇ ਦਿਨ: ਸਵੇਰ ਦੇ 5:30 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
(ਰੀਸਾਇਕਲਿੰਗ ਡਰੌਪ-ਔਫ ਸਵੇਰ ਦੇ 8 ਵਜੇ ਖੁੱਲ੍ਹਦਾ ਹੈ)
ਛਨਿਚਰਵਾਰ: ਸਵੇਰ ਦੇ 8 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
ਐਤਵਾਰ ਅਤੇ ਕਾਨੂੰਨੀ ਛੁੱਟੀਆਂ ਵਾਲੇ ਦਿਨ: ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
(25 ਦਸੰਬਰ ਅਤੇ 1 ਜਨਵਰੀ ਨੂੰ ਬੰਦ)

**1 ਅਪਰੈਲ ਤੋਂ 30 ਸਤੰਬਰ**
ਕੰਮ ਕਾਰ ਵਾਲੇ ਦਿਨ: ਸਵੇਰ ਦੇ 5:30 ਵਜੇ ਤੋਂ ਸ਼ਾਮ ਦੇ 6 ਵਜੇ ਤੱਕ
(ਰੀਸਾਇਕਲਿੰਗ ਡਰੌਪ-ਔਫ ਸਵੇਰ ਦੇ 8 ਵਜੇ ਖੁੱਲ੍ਹਦਾ ਹੈ)
ਛਨਿਚਰਵਾਰ: ਸਵੇਰ ਦੇ 8 ਵਜੇ ਤੋਂ ਸ਼ਾਮ ਦੇ 6 ਵਜੇ ਤੱਕ
ਐਤਵਾਰ ਅਤੇ ਕਾਨੂੰਨੀ ਛੁੱਟੀਆਂ ਵਾਲੇ ਦਿਨ: ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ

*ਖੁੱਲ੍ਹਣ ਦੇ ਸਮੇਂ ਬਦਲ ਸਕਦੇ ਹਨ। ਖੁੱਲ੍ਹਣ ਦੇ ਸਮਿਆਂ ਲਈ **metrovancouver.org** 'ਤੇ ਜਾਓ।

# ਮੌਸਮੀ ਜਾਣਕਾਰੀ



## ਪੱਤਿਆਂ ਨੂੰ ਸਟਰੀਟ ’ਤੇ ਨਾ ਸੁੱਟੋ

ਆਪਣੀ ਪ੍ਰਾਪਰਟੀ ਤੋਂ ਸਟਰੀਟ ’ਤੇ ਉਡਾਏ ਜਾਣ ਵਾਲੇ ਪੱਤੇ ਸੇਫਟੀ ਲਈ ਖਤਰਾ ਬਣ ਸਕਦੇ ਹਨ ਅਤੇ ਵਹਾਅ ਸਥਾਨਾਂ ਵਿਚ ਫਸ ਸਕਦੇ ਹਨ, ਜਿਸ ਨਾਲ ਵਹਾਅ ਸਥਾਨਾਂ (ਕੈਚ ਬੇਸਿਨਜ਼) ਦੇ ਬੰਦ ਹੋਣ ਨਾਲ ਉਸ ਥਾਂ ’ਤੇ ਹੜ੍ਹ ਆ ਸਕਦਾ ਹੈ। ਵਹਾਅ ਸਥਾਨਾਂ ਤੋਂ ਪੱਤੇ ਜਾਂ ਮਲਬੇ ਨੂੰ ਹਟਾ ਕੇ ਸਾਡੀ ਮਦਦ ਕਰੋ ਤਾਂ ਜੋ ਪਾਣੀ ਸੌਖ ਨਾਲ ਵਗ ਸਕੇ।

**ਪੱਤੇ ਇਕੱਠੇ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ** burnaby.ca/garbageandrecycling **’ਤੇ ਜਾਉ।**



## ਸਨੋਅ ਬਾਰੇ ਜਾਣੂ ਹੋਵੋ

ਠੰਢ, ਕੋਰੇ ਵਾਲੀਆਂ ਸੜਕਾਂ ਅਤੇ ਸਨੋਅ ਲਈ ਤਿਆਰ ਹੋਵੋ।

ਸਿਆਲ ਦੀਆਂ ਹਾਲਤਾਂ ਵਿਚ, ਹਰ ਇਕ ਨੂੰ ਆਪਣਾ ਰੋਲ ਅਦਾ ਕਰਨਾ ਪੈਂਦਾ ਹੈ ਤਾਂ ਜੋ ਕਿ ਇਹ ਪੱਕਾ ਹੋਵੇ ਕਿ ਸਟਰੀਟਾਂ ਅਤੇ ਸਾਈਡਵਾਕ ਸੁਰੱਖਿਅਤ ਹਨ। ਮਾਲਕ ਜਾਂ ਕਿਰਾਏਦਾਰ ਆਪਣੀ ਪ੍ਰਾਪਰਟੀ ਦੇ ਆਲੇ ਦੁਆਲੇ ਦੇ ਸਾਈਡਵਾਕਾਂ ਤੋਂ ਸਨੋਅ ਜਾਂ ਆਈਸ ਹਰ ਰੋਜ਼ 10 ਵਜੇ ਤੱਕ ਹਟਾਉਣ ਲਈ ਜ਼ਿੰਮੇਵਾਰ ਹਨ।

**ਸਨੋਅ ਬਾਰੇ ਜਾਣੋ**
burnaby.ca/besnowsmart




## ਵਾਟਰਮੇਨ ਫਲੱਸ਼ਿੰਗ

ਸ਼ਹਿਰ ਦੇ ਇੰਜਨੀਅਰਿੰਗ ਡਿਪਾਰਟਮੈਂਟ ਦਾ ਹਰ ਸਾਲ ਵਾਟਰਮੇਨਜ਼ ਦੀ ਫਲੱਸ਼ਿੰਗ ਅਤੇ ਸਫਾਈ ਕਰਨ ਦਾ ਪ੍ਰੋਗਰਾਮ ਹੁੰਦਾ ਹੈ।

ਇਸ ਕਾਰਜ ਨਾਲ ਪਾਣੀ ਦੇ ਪਰੈਸ਼ਰ ਵਿਚ ਘਾਟਾ-ਵਾਧਾ ਹੋ ਸਕਦਾ ਹੈ, ਤੁਹਾਡੇ ਘਰ ਜਾਂ ਬਿਜ਼ਨਸ ਵਿਚ ਆ ਰਹੀ ਪਾਣੀ ਦੀ ਸਪਲਾਈ ਦਾ ਰੰਗ ਕੁਝ ਘਸਮੈਲਾ ਹੋ ਸਕਦਾ ਹੈ ਅਤੇ ਇਸ ਵਿਚ ਗਾਦ ਆ ਸਕਦੀ ਹੈ। ਇਹ ਹਾਲਤਾਂ ਥੋੜ੍ਹਾ ਸਮਾਂ ਰਹਿਣੀਆਂ ਚਾਹੀਦੀਆਂ ਹਨ ਅਤੇ ਇਸ ਦਾ ਸਿਹਤ ਨੂੰ ਕੋਈ ਖਤਰਾ ਨਹੀਂ ਹੁੰਦਾ।

ਸਾਡੇ ਅਮਲੇ ਵਲੋਂ ਫਲੱਸ਼ਿੰਗ ਦਾ ਕੰਮ ਖਤਮ ਕਰਨ ਤੋਂ ਬਾਅਦ ਜੇ ਤੁਹਾਡਾ ਪਾਣੀ ਘਸਮੈਲਾ ਦਿਖਾਈ ਦੇਵੇ ਤਾਂ ਠੰਢੇ ਪਾਣੀ ਵਾਲੀ ਟੂਟੀ ਚਲਾ ਕੇ ਆਪਣੇ ਪਾਣੀ ਨੂੰ ਸਾਫ ਕਰੋ।

**ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਖਾਸ ਫਿਕਰ ਹੋਣ ਤਾਂ ਕਿਰਪਾ ਕਰਕੇ ਇੰਜਨੀਅਰਿੰਗ ਡਿਪਾਰਟਮੈਂਟ ਨਾਲ 604-294-7221 ’ਤੇ ਸੰਪਰਕ ਕਰੋ।**



## ਘਾਹ ਨੂੰ ਪਾਣੀ ਦੇਣ ਦੀਆਂ ਬੰਦਸ਼ਾਂ

ਪਾਣੀ ਇਕ ਕੀਮਤੀ ਸ੍ਰੋਤ ਹੈ ਅਤੇ ਪਾਣੀ ਦੀ ਸੰਭਾਲ ਕਰਨ ਲਈ ਅਸੀਂ ਸਾਰੇ ਕਦਮ ਚੁੱਕ ਸਕਦੇ ਹਾਂ, ਖਾਸ ਕਰਕੇ ਗਰਮੀਆਂ ਦੇ ਤਪਸ਼ ਵਾਲੇ ਮਹੀਨਿਆਂ ਦੌਰਾਨ ਜਦੋਂ ਪਾਣੀ ਦੀ ਵਰਤੋਂ ਤਕਰੀਬਨ ਦੁੱਗਣੀ ਹੋ ਜਾਂਦੀ ਹੈ।

**ਜ਼ਿਆਦਾ ਜਾਣਕਾਰੀ ਲਈ ਅਤੇ ਪਾਣੀ ਦੇਣ ਦੀਆਂ ਬੰਦਸ਼ਾਂ ਲਈ ਕਿਰਪਾ ਕਰਕੇ** burnaby.ca/waterrestrictions **’ਤੇ ਜਾਉ।**



## ਆਓ, ਕੁਦਰਤੀ ਤਰੀਕੇ ਨਾਲ ਉਗਾਈਏ !

ਬਰਨਬੀ ਦਾ ਪੈਸਟੀਸਾਈਡ ਯੂਜ਼ ਕੰਟਰੋਲ ਬਾਈਲਾਅ ਸੁੰਦਰਤਾ ਲਈ ਕੀੜੇਮਾਰ ਦਵਾਈਆਂ ਦੀ ਵਰਤੋਂ ਨੂੰ ਸੀਮਤ ਕਰਦਾ ਹੈ। ਬਹੁਤ ਸਾਰੀਆਂ ਰਵਾਇਤੀ ਕੀੜੇਮਾਰ ਦਵਾਈਆਂ ਹੁਣ ਰਿਹਾਇਸ਼ੀ ਅਤੇ ਸ਼ਹਿਰ ਦੀਆਂ ਜ਼ਮੀਨਾਂ ’ਤੇ ਲਾਨ ਅਤੇ ਬਗੀਚੇ ਦੀ ਸੁੰਦਰਤਾ ਅਤੇ ਸੰਭਾਲ ਲਈ ਨਹੀਂ ਵਰਤੀਆਂ ਜਾ ਸਕਦੀਆਂ, ਭਾਵੇਂ ਕਿ ਉਨ੍ਹਾਂ ਨੂੰ ਵੇਚਣ ਦੀ ਕਾਨੂੰਨੀ ਤੌਰ ’ਤੇ ਆਗਿਆ ਹੈ। ਕੀੜੇਮਾਰ ਦਵਾਈਆਂ ਤੋਂ ਮੁਕਤ ਯਾਰਡ ਦਾ ਮਤਲਬ ਤੁਹਾਡੇ ਯਾਰਡ ਦਾ ਖਾਤਮਾ ਨਹੀਂ ਹੈ! ਤੁਹਾਡਾ ਲਾਨ ਅਤੇ ਬਗੀਚਾ ਕੈਮੀਕਲ ਵਾਲੀਆਂ ਕੀੜੇਮਾਰ ਦਵਾਈਆਂ ਦੀ ਵਰਤੋਂ ਤੋਂ ਬਿਨਾਂ ਵੀ ਸਿਹਤਮੰਦ ਅਤੇ ਕੀੜਿਆਂ ਤੋਂ ਮੁਕਤ ਹੋ ਸਕਦਾ ਹੈ।




**ਜ਼ਿਆਦਾ ਜਾਣਕਾਰੀ ਲਈ ਅਤੇ ਉਨ੍ਹਾਂ ਪ੍ਰਵਾਨਸ਼ੁਦਾ ਕੀੜੇਮਾਰ ਦਵਾਈਆਂ ਦੀ ਲਿਸਟ ਦੇਖਣ ਲਈ ਜਿਹੜੀਆਂ ਸੁਰੱਖਿਅਤ ਬਦਲ ਹਨ ਕਿਰਪਾ ਕਰਕੇ** burnaby.ca/LetitGrowNaturally **’ਤੇ ਜਾਉ।**



## ਸਾਨੂੰ ਫਲੱਸ਼ ਨਾ ਕਰੋ !

ਮੈਟਰੋ ਵੈਨਕੂਵਰ ਨੇ **ਸਾਨੂੰ ਫਲੱਸ ਨਾ ਕਰੋ !** ਮੁਹਿੰਮ ਚਲਾਈ ਹੈ।




**ਜ਼ਿਆਦਾ ਜਾਣਕਾਰੀ ਲਈ ਅਤੇ ਨਾ ਫਲੱਸ਼ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਲਿਸਟ ਲਈ ਕਿਰਪਾ ਕਰਕੇ** unflushables.ca **’ਤੇ ਜਾਉ।**

# ਸਾਡੇ ਨਾਲ ਸੰਪਰਕ ਕਰੋ

ਗਾਰਬੇਜ, ਰੀਸਾਇਕਲਿੰਗ, ਹਰੀ ਰਹਿੰਦ-ਖੂੰਹਦ ਅਤੇ ਵੱਡੀ ਚੀਜ਼ ਦੀ ਚੁਕਾਈ
ਸਟਾਫ ਵਲੋਂ ਜਾਣਕਾਰੀ ਦੇਣ ਵਾਲੀ ਲਾਈਨ | 604-294-7972
ਸੋਮਵਾਰ – ਸ਼ੁਕਰਵਾਰ ਸਵੇਰ ਦੇ 8:00 ਵਜੇ ਤੋਂ ਬਾਅਦ ਦੁਪਹਿਰ 4:45 ਵਜੇ ਤੱਕ
24 ਘੰਟੇ ਜਾਣਕਾਰੀ ਦੇਣ ਵਾਲੀ ਲਾਈਨ | 604-294-7089
burnaby.ca/garbageandrecycling
solidwasteandrecycling@burnaby.ca

# ਹੋਰ ਸ੍ਰੋਤ

ਬੀ ਸੀ ਰੀਸਾਇਕਲਿੰਗ ਹੌਟਲਾਈਨ | 604-RECYCLE (604-732-9253)
ਬੀ ਸੀ ਰੀਸਾਇਕਲਿੰਗ ਰੀਸਾਇਕਲੋਪੀਡੀਆ | bcrecycles.ca
ਮੈਟਰੋ ਵੈਨਕੂਵਰ ਰੀਸਾਇਕਲਜ਼ | metrovancouverrecycles.org

ਬਰਨਬੀ ਸ਼ਹਿਰ ਆਪਣੇ ਇਲਾਕੇ ਲਈ ਲਗਾਤਾਰ ਪਹਿਲੀ ਕਲਾਸ ਦੀਆਂ ਸੇਵਾਵਾਂ ਦੇਣ ਦਾ ਯਤਨ ਕਰਦਾ ਹੈ ਅਤੇ ਅਸੀਂ ਇਸ ਤਰ੍ਹਾਂ ਦੇ ਉਤਸ਼ਾਹ ਵਾਲੇ ਲੋਕਾਂ ਨੂੰ ਕੰਮ ’ਤੇ ਰੱਖ ਰਹੇ ਹਾਂ। ਤੁਹਾਡੇ ਵਰਗੇ ਲੋਕਾਂ ਨੂੰ।

ਅਪਲਾਈ ਕਰਨ ਲਈ **burnaby.ca/careers** ’ਤੇ ਸਾਡਾ ਵੈੱਬਸਾਈਟ ਦੇਖੋ।

# ਬਰਨਬੀ, ਆਉ ਹੋਰ ਵੀ ਜ਼ਿਆਦਾ ਰੀਸਾਇਕਲ ਕਰੀਏ !

**ਸਿਟੀ ਆਫ ਬਰਨਬੀ ਇੰਜਨੀਅਰਿੰਗ ਡਿਪਾਰਟਮੈਂਟ**
4949 Canada Way, Burnaby, BC V5G 1M2

FSC RECYCLED Paper made from recycled material FSC® C103172 www.fsc.org

City of Burnaby

[Punjabi]